Punjab Government Gazette

Published by Authority

No. 38] CHANDIGARH, FRIDAY, SEPTEMBER 19, 2025 (BHADRA 28, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ

(ਪਸ਼ੂ ਪਾਲਣ-1 ਸ਼ਾਖਾ)

ਨੋਟੀਫਿਕੇਸ਼ਨ

ਮਿਤੀ 19 ਦਸੰਬਰ, 2022

ਨੰ:09/38/2019.ਪ.ਪ.1(9/5)/6672.- ਡਾ.ਸਿਮਰਤ ਕੌਰ, ਵੈਟਰਨਰੀ ਅਫਸਰ, ਪੰਜਾਬ ਵੈਟਰਨਰੀ ਵੈਕਸ਼ੀਨ ਸੰਸਥਾ (ਲੁਧਿਆਣਾ) ਗੈਰ-ਹਾਜ਼ਰ ਨੂੰ ਮਿਤੀ 22.07.2019 ਤੋਂ ਬਿਨਾਂ ਛੁੱਟੀ ਮੰਨਜੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਦੇ ਦੋਸ਼ਾਂ ਕਾਰਣ ਯਾਦ ਪੱਤਰ ਨੰ: 09/38/2019.ਪ.ਪ.1(9)/6096, ਮਿਤੀ 02.12.2019 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਵੱਡੀਆਂ ਸਜ਼ਾਵਾਂ ਦੇਣ ਲਈ ਦੋਸ਼ ਸੂਚੀ ਜਾਰੀ ਕਰਕੇ ਉਤਰ 21 ਦਿਨਾਂ ਦੇ ਅੰਦਰ-ਅੰਦਰ ਸਮਰੱਥ ਅਧਿਕਾਰੀ ਨੂੰ ਲਿਖਤੀ ਰੂਪ ਵਿੱਚ ਭੇਜਣ ਲਈ ਲਿਖਿਆ ਗਿਆ ਸੀ। ਇਸ ਅਧਿਕਾਰਨ ਵਲੋ ਚਾਰਜਸੀਟ ਦੇ ਸਬੰਧ ਵਿੱਚ ਕੋਈ ਜਵਾਬ ਨਹੀ ਦਿੱਤਾ ਗਿਆ ਸੀ।

2. ਇਸ ਉਪਰੰਤ ਮਾਮਲੇ ਦੀ ਸਚਾਈ ਜਾਨਣ ਲਈ 09/38/2019.ਪ.ਪ.1 (9)/304, ਮਿਤੀ 19.01.2022 ਰਾਹੀ ਸ੍ਰੀ ਐਨ.ਐਸ.ਬਰਾੜ, ਪੀ.ਸੀ.ਐਸ (ਰਿਟਾਇਰਡ) ਨੂੰ "ਪੜਤਾਲੀਆ ਅਫਸਰ" ਨਿਯੁਕਤ ਕੀਤਾ ਗਿਆ ਸੀ। ਅਧਿਕਾਰਨ ਨੂੰ ਪੜਤਾਲ ਵਿੱਚ ਸਾਮਲ ਹੋ ਕੇ ਆਪਣਾ ਪੱਖ ਰੱਖਣ ਲਈ ਪੜਤਾਲੀਆ ਅਫਸਰ/ਪੈਰਵੀ ਕਰਤਾ ਅਫਸਰ ਵਲੋ ਨੋਟਿਸ ਜਾਰੀ ਕਰਨ ਅਤੇ ਅਖਬਾਰਾਂ ਵਿੱਚ ਪਬਲਿਕ ਨੋਟਿਸ ਪ੍ਰਕਾਸਿਤ ਕਰਾਉਣ ਦੇ ਬਾਵਜੂਦ ਵੀ ਅਧਿਕਾਰਨ ਪੜਤਾਲ ਵਿੱਚ ਹਾਜ਼ਰ ਨਹੀ ਹੋਈ ਸੀ। ਪੜਤਾਲੀਆ ਅਫਸਰ ਵਲੋ ਪੇਸ਼ ਕੀਤੀ ਪੜਤਾਲ ਰਿਪੋਰਟ ਮਿਤੀ 23.05.2022 ਵਿੱਚ ਅਧਿਕਾਰਨ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਦੋਸ਼ ਸਿੱਧ ਕੀਤੇ ਗਏ ਸਨ।

3. ਇਸ ਵਿਭਾਗ ਦੇ ਰਜਿਸਟਰਡ ਮੀਮੋ ਨੰ: 09/38/2019.ਪ.ਪ.1(9)/2410, ਮਿਤੀ 07.06.2022 ਰਾਹੀ ਪੜਤਾਲ ਰਿਪੋਰਟ ਮਿਤੀ 23.05.2022 ਦੀ ਕਾਪੀ ਅਧਿਕਾਰਨ ਦੇ ਘਰੇਲੂ ਪਤੇ ਤੇ ਭੇਜ਼ ਕੇ ਆਪਣਾ ਪੱਖ ਪੇਸ਼ ਕਰਨ ਲਈ ਲਿਖਿਆ ਗਿਆ ਸੀ,ਜੋ ਕਿ ਡਾਕ ਵਿਭਾਗ ਵਲੋ "ਪ੍ਰਾਪਤ ਕਰਤਾ ਵਿਦੇਸ ਗਿਆ ਹੋਇਆ ਹੈ" ਦੇ ਕਥਨਾ ਨਾਲ ਮੂਲ ਰੂਲ ਵਿੱਚ ਵਾਪਿਸ ਪ੍ਰਾਪਤ ਹੋ ਗਿਆ ਸੀ। ਡਾਇਰੈਕਟਰ,ਪਸ਼ੂ ਪਾਲਣ ਵਿਭਾਗ,ਪੰਜਾਬ ਵਲੋ ਪੱਤਰ ਨੰ: 2049, ਮਿਤੀ 02.08.2022 ਰਾਹੀ ਸੂਚਿਤ ਕੀਤਾ ਸੀ ਕਿ ਪੜਤਾਲ ਰਿਪੋਰਟ ਦੀ ਕਾਪੀ ਅਧਿਕਾਰਨ ਦੀ ਮਾਤਾ ਸ੍ਰੀਮਤੀ ਹਰਿੰਦਰ ਕੌਰ ਵੱਲੋਂ ਮਿਤੀ 21.07.2022 ਨੂੰ ਰਸੀਵ ਕੀਤੀ ਗਈ ਸੀ। ਪੰਤੂ ਇਸ ਅਧਿਕਾਰਨ ਵਲੋ ਪੜਤਾਲ ਰਿਪੋਰਟ ਦੇ ਸਬੰਧ ਵਿੱਚ ਵੀ ਕੋਈ ਜਵਾਬ ਨਹੀ ਭੇਜਿਆ ਸੀ।

4. ਇਸ ਤਰਾਂ ਅਧਿਕਾਰਨ ਵੱਲੋ ਸਰਕਾਰ ਦੇ ਕਿਸੇ ਵੀ ਪੱਤਰ ਦਾ ਜਵਾਬ ਨਹੀ ਦਿੱਤਾ ਗਿਆ ਸੀ, ਜਿਸ ਤੋ ਸ਼ੱਪਸਟ ਹੁੰਦਾ ਹੈ ਕਿ ਉਹ ਸਰਕਾਰ ਦੇ ਕਿਸੇ ਵੀ ਪੱਤਰ ਦਾ ਉਤਰ ਨਹੀ ਦੇਣਾ ਚਾਹੁੰਦੀ ਅਤੇ ਨਾ ਹੀ ਅੱਗੇ ਸਰਕਾਰੀ ਸੇਵਾ ਕਰਨਾ ਚਾਹੁੰਦੀ ਹੈ। ਇਸ ਲਈ ਸਮਰੱਥ ਅਥਾਰਿਟੀ ਵਲੋ ਡਾ. ਸਿਮਰਤ ਕੌਰ, ਵੈਟਰਨਰੀ ਅਫਸਰ, ਪੰਜਾਬ ਵੈਟਰਨਰੀ ਵੈਕਸ਼ੀਨ ਸੰਸਥਾ (ਲੁਧਿਆਣਾ) ਗੈਰ-ਹਾਜ਼ਰੀ ਦੀ ਮਿਤੀ 22.07.2019 ਤੋ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਸਿਧਾਂਤਕ ਤੋਰ ਤੇ ਫੈਸਲਾ ਲਿਆ ਗਿਆ ਸੀ।

5. ਅਧਿਕਾਰਨ ਨੂੰ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਲਏ ਗਏ ਫੈਸਲੇ ਦੀ ਸਹਿਮਤੀ ਪ੍ਰਾਪਤ ਕਰਨ ਬਾਰੇ ਸਰਕਾਰ ਵਲੋ ਮੀਮੋ ਨੰ: 09/38/2019.ਪ.ਪ.1(9)/5422, ਮਿਤੀ 18.10.2022 ਰਾਹੀ ਮਾਮਲਾ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨਾਲ ਟੇਕਅੱਪ ਕੀਤਾ ਗਿਆ ਸੀ। ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵਲੋ ਪੱਤਰ ਨੰ: ਡਿਸ 195/2022/ਅ-7/4959,ਮਿਤੀ 18.11.2022 ਰਾਹੀ ਡਾ.ਸਿਮਰਤ ਕੌਰ , ਵੈਟਰਨਰੀ ਅਫਸਰ, ਪੰਜਾਬ ਵੈਟਰਨਰੀ ਵੈਕਸ਼ੀਨ ਸੰਸਥਾ (ਲੁਧਿਆਣਾ) ਗੈਰ-ਹਾਜ਼ਰ ਨੂੰ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਸਹਿਮਤੀ ਦਿੱਤੀ ਗਈ ਹੈ।

6. ਇਸ ਪ੍ਰਕਾਰ ਕੇਸ ਦੇ ਸਮੁੱਚੇ ਹਾਲਾਤਾਂ ਨੂੰ ਵਿਚਾਰਦੇ ਹੋਏ ਅਤੇ ਪੜਤਾਲੀਆ ਅਫਸਰ ਦੀ ਰਿਪੋਰਟ ਮਿਤੀ 23.05.2022 ਨਾਲ ਸਹਿਮਤੀ ਪ੍ਰਗਟ ਕਰਦੇ ਹੋਏ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਦੀ ਸਲਾਹ ਅਨੁਸਾਰ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ-ਪੂਰਵਕ ਡਾ.ਸਿਮਰਤ ਕੌਰ , ਵੈਟਰਨਰੀ ਅਫਸਰ, ਪੰਜਾਬ ਵੈਟਰਨਰੀ ਵੈਕਸ਼ੀਨ ਸੰਸਥਾ (ਲੁਧਿਆਣਾ) ਗੈਰ-ਹਾਜਰ ਨੂੰ ਉਸ ਦੀ ਗੈਰ-ਹਾਜ਼ਰੀ ਦੀ ਮਿਤੀ 22.07.2019 ਤੋਂ ਸਰਕਾਰੀ ਸੇਵਾ ਤੋਂ ਡਿਸਮਿਸ ਕੀਤਾ ਜਾਂਦਾ ਹੈ।

ਵਿਕਾਸ ਪ੍ਰਤਾਪ

ਚੰਡੀਗੜ੍ਹ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਮਿਤੀ 14 ਦਸੰਬਰ,2022 ਪਸ਼ੂ ਪਾਲਣ,ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ

3501/9-2025/Pb. Govt. Press, S.A.S. Nagar